ਗੁਰੂ ਨਾਨਕ - ਸਬਦ ੨੪

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੫

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥

ਸਾਰ: ਬਹੁ-ਬ੍ਰਹਿਮੰਡ ਦਾ ਸਿਧਾਂਤ ਅਨੰਤਤਾ ਨੂੰ ਦਰਸਾਉਂਦਾ ਹੈ ਜੋ ਸਦੀਵੀ ਅਤੇ ਸਦਾ ਵਧਣ ਵਾਲੀ ਰਚਨਾ ਹੈ, ਜਿਹੜੀ ਆਪਣੇ ਅੰਦਰ ਅਨੰਤ ਪਸਾਰੇ, ਮਾਪਾਂ ਅਤੇ ਹੋਂਦਾਂ ਨੂੰ ਸਮੋਈ ਬੈਠੀ ਹੈ। ਇਹ ਵਿਚਾਰ ਬ੍ਰਹਿਮੰਡ ਵਿਚਲੀ ਅਨੇਕਤਾ ਦੇ ਅਦਭੁਤ ਪ੍ਰਤਾਪ, ਵਿਸ਼ਾਲਤਾ ਅਤੇ ਪੇਚੀਦੀਗੀ ਉਪਰ ਜ਼ੋਰ ਦਿੰਦਾ ਹੈ। ਜਿਸ ਦੀ ਵਿਸ਼ਲਾਤਾ ਅਤੇ ਅੰਤਰ ਸੰਬੰਧਤਾ ਸਮੇਂ ਤੋਂ ਬਾਹਰ ਹੈ।

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥

ਅਣਗਿਣਤ ਅਵਿਅਕਤ ਖੇਤਰ, ਅਤੇ ਲੱਖਾਂ ਅਗਿਆਤ ਪੁਲਾੜ ਅਤੇ ਖੰਡ ਹਨ।

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥

ਵੇਦ (ਭਾਰਤੀ ਗ੍ਰੰਥ) ਪ੍ਰਗਟ ਕਰਦੇ ਹਨ ਕਿ ਬਹੁਤ ਸਾਰੇ ਸ੍ਰਿਸ਼ਟੀ ਦੀ ਵਿਸ਼ਾਲਤਾ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਵਿੱਚ ਅਸਚਰਜ ਹੋ ਗਏ ਹਨ।

ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥

ਕਤੇਬ (ਸਾਮੀ ਗ੍ਰੰਥ) ਦਾਅਵਾ ਕਰਦੇ ਹਨ ਕਿ ਇੱਥੇ 18,000 ਬ੍ਰਹਿਮੰਡ ਹਨ। ਹਾਲਾਂਕਿ, ਅਸਲੀਅਤ ਵਿੱਚ, ਸਾਰਿਆਂ ਦਾ ਸੋਮਾ ਇੱਕ ਹੈ।

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥

ਜੇ ਕੋਈ ਸ੍ਰਿਸ਼ਟੀ ਦੀ ਵਿਸ਼ਾਲਤਾ ਨੂੰ ਲਿਖਤੀ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਹ ਅਸੰਭਵ ਹੋਵੇਗਾ, ਕਿਉਂਕਿ ਲਿਖਣ ਦੀ ਕੋਸ਼ਿਸ਼ ਕਰਨ ਵਾਲਾ ਲਿਖਦਾ-ਲਿਖਦਾ ਖਤਮ ਹੋ ਜਾਵੇਗਾ।

ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥
ਨਾਨਕ ਆਖਦੇ ਹਨ ਕਿ ਜਾਗ੍ਰਿਤ ਉਹ ਹਨ ਜੋ ਆਪਣੀ ਹੋਂਦ ਬਾਰੇ ਸੁਚੇਤ ਹਨ ਕਿ ਇਹ ਇੱਕ ਸਰਬ-ਵਿਆਪਕ, ਅਣਡਿਠ ਚੇਤਨਾ ਦਾ ਹਿੱਸਾ ਹੈ। (੨੨)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਸੱਚੀ ਵਡਿਆਈ ਸਵੈ-ਜਾਗਰੂਕਤਾ ਵਿਚ ਵਿਦਮਾਨ ਹੈ, ਇਹ ਜਾਣਨਾ ਕਿ ਆਪਾ ਇੱਕੋ ਸਰਬ-ਵਿਆਪਕ, ਅਣਡਿਠ ਚੇਤਨਾ ਦਾ ਹਿੱਸਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **[OnenessInDiversity.com](OnenessInDiversity.com)**

ਈਮੇਲ: **onenessindiversityfoundation@gmail.com**